PUNJABI

# ਇਕੁਐਲਿਟੀ ਸਕਾਟਲੈਂਡ (Equality Scotland)
# ਬਜ਼ੁਰਗ ਲੋਕਾਂ ਲਈ ਰਿਹਾਇਸ਼ (Housing for Older People)

ਖ਼ਬਰਪੱਤਰ

ਇਹ ਖ਼ਬਰਪੱਤਰ ਚੀਨੀ (ਕੈਨਟੋਨੀਜ਼), ਹਿੰਦੀ, ਅੰਗ੍ਰੇਜ਼ੀ, ਉਰਦੂ, ਅਰਬੀ ਤੇ ਬੰਗਾਲੀ ਵਿੱਚ ਵੀ ਉਪਲਬਧ ਹੈ।

ਅੰਕ 20
ਜੁਲਾਈ 2010

ਅੰਦਰ...


- ਰੈਪੀ ਟੂ ਟਰਾਂਸਲੇਟ ਨੇ ਮਨਾਇਆ ਮੈਂਬਰਸ਼ਿਪ ਹੁੰਗਾਰਾ ਤੇ ਫੰਡਿੰਗ
- ਬਜ਼ੁਰਗ ਲੋਕਾਂ ਲਈ ਸੰਭਾਲ ਪਾਲਿਸੀਆਂ ਨੂੰ ਨਵਾਂ ਰੂਪ ਦੇਣ ਦਾ ਮੌਕਾ
- ਸਵੈ ਨਿਰਦੇਸ਼ਿਤ ਸੁਪੋਰਟ ਬਿਲ
- ਬਜ਼ੁਰਗ ਲੋਕਾਂ ਦੀਆਂ ਸੇਵਾਵਾਂ ਦੇ ਵਿਕਾਸ ਪ੍ਰੋਜੈਕਟ ਨੇ ਪਹੁੰਚ ਵਧਾਈ


## ਇਕੁਅਲ ਓਪਰਚੂਨਿਟੀਜ਼ ਅਨੂਠਾ ਸਮਾਚਾਰ ਹਾਊਸਿੰਗ ਲਈ ਕਮਿਊਨਿਟੀ ਚੈਂਪੀਅਨ ਐਵਾਰਡ



ਟਰੱਸਟ, ਹਾਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਸਿੰਗ ਐਸੋਸੀਏਸ਼ਨ ਦੇ ਮਿਲਵੇਂ **ਇਕੁਅਲ ਓਪਰਚੁਨਿਟੀਜ਼ ਪ੍ਰੋਗਰਾਮ** ਨੇ ਸਕਾਟਿਸ਼ ਮਾਇਨਾਰਿਟੀ ਏਥਨਿਕ ਐਚੀਵਮੈਂਟ ਐਵਾਰਡ 2010 ਵਿੱਚ ਸਤਿਕਾਰਿਤ "ਕਮਿਊਨਿਟੀ ਚੈਂਮਪੀਅਨਸ-ਹਾਊਸਿੰਗ" ਐਵਾਰਡ ਜਿੱਤਿਆ ਹੈ। ਇਹ ਐਵਾਰਡ, ਜੋ ਕਿ ਗਲਾਸਗੋਅ ਹਾਊਸਿੰਗ ਐਸੋਸੀਏਸ਼ਨ ਵੱਲੋਂ ਸਪਾਂਸਰ ਕੀਤਾ ਗਿਆ ਹੈ, ਨੂੰ ਗਲੈਸਗੋਅ ਵਿੱਚ ਹਿਲਟਨ ਹੋਟਲ ਵਿੱਚ 25 ਜੂਨ ਨੂੰ ਹੋਏ ਇੱਕ ਸਮਾਗਮ ਵਿੱਚ ਹਾਊਸਿੰਗ ਇਕੁਅਲ ਓਪਰਚੁਨਿਟੀਜ਼ ਮੈਨੇਜਰ, ਰੋਹਿਨੀ ਸ਼ਰਮਾ ਜੋਸ਼ੀ ਨੂੰ ਭੇਟ ਕੀਤਾ ਗਿਆ ਅਤੇ ਏਲਕਸ ਨੀਲ MSP, ਹਾਊਸਿੰਗ ਐਂਡ ਕਮਿਊਨਿਟਿਜ਼ ਮੰਤਰੀ ਵੱਲੋਂ ਹਾਜ਼ਰੀ ਭਰੀ ਗਈ।

## ਹਾਲੀਰੂਡ ਵਿੱਚ ਇਕੁਅਲ ਓਪਰਚੂਨਿਟੀਜ਼ ਲਈ MSP ਨੇ ਸਹਿਯੋਗ ਦਰਸਾਇਆ

ਮਾਰਚ 2010 ਨੂੰ ਸਕਾਟਿਸ਼ ਪਾਰਲੀਮੈਂਟ ਵਿੱਚ ਸਫਲ ਜਾਣਕਾਰੀ ਪ੍ਰਦਰਸ਼ਨ ਦੇ ਬਾਅਦ MSP ਨੇ ਇਕੁਅਲ ਓਪਰਚੁਨਿਟੀਜ਼ ਪ੍ਰੋਗਰਾਮ ਦੇ ਕੰਮ ਲਈ ਆਪਣੀ ਇੱਛਾ ਤੇ ਸਹਿਯੋਗ ਦੀ ਪੇਸ਼ਕਸ਼ ਕੀਤੀ ਹੈ।

ਪਾਰਲੀਮੈਂਟ ਵਿੱਚ ਜਾਣਕਾਰੀ ਸਟੈਂਡ ਉਤੇ ਪ੍ਰੋਗਰਾਮ ਦੇ ਪ੍ਰਮੁੱਖ ਪ੍ਰੋਜੈਕਟਾਂ ਦੀ ਸਾਰੀ ਜਾਣਕਾਰੀ ਸੀ ਅਤੇ ਸਟੈਂਡ ਨੂੰ ਸੈਂਡਰਾ ਵਾਈਟ MSP ਵੱਲੋਂ ਸਪਾਂਸਰ ਕੀਤਾ ਗਿਆ।

ਰੋਹਿਨੀ ਸ਼ਰਮਾ ਜੋਸ਼ੀ ਨੇ ਕਿਹਾ: "ਅਸੀਂ ਬਹੁਤ ਖੁਸ਼ ਹੋਏ ਕਿ ਸਾਰੀਆਂ ਪਾਰਟੀਆਂ ਦੇ MSP ਨੇ ਸਾਡੇ ਕੰਮ ਵਿੱਚ ਆਪਣੀ ਇੱਛਾ ਪ੍ਰਗਟ ਕੀਤੀ। ਅਸੀਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹਾਂਗੇ ਜਿਨ੍ਹਾਂ ਨੇ ਸਾਡੇ ਸਟੈਂਡ ਉਤੇ ਆਉਣ ਲਈ ਸਮਾਂ ਕੱਢਿਆ ਅਤੇ ਐਸੋਸੀਏਸ਼ਨ ਦੇ ਪ੍ਰੋਗਰਾਮ ਵਿੱਚ ਕੀਤੇ ਜਾਣ ਵਾਲੇ ਬਰਾਬਰੀ ਦੇ ਕੰਮਾਂ ਬਾਰੇ ਹੋਰ ਜਾਣਨਾ ਚਾਹਿਆ। MSP ਚਾਹੁੰਦੇ ਸੀ ਕਿ ਉਨ੍ਹਾਂ ਨੂੰ ਸਾਡੇ ਪ੍ਰੋਜੈਕਟਾਂ ਬਾਰੇ ਸੂਚਿਤ ਰਖਿਆ ਜਾਏ ਅਤੇ ਅਸੀਂ ਇਸਨੂੰ ਆਪਣੇ ਵੱਲੋਂ ਜਾਰੀ ਯਤਨਾਂ ਦੇ ਤਹਿਤ ਕਰਾਂਗੇ, ਸਕਾਟਿਸ਼ ਪਾਰਲੀਮੈਂਟ ਨਾਲ ਅਸਰਦਾਰ ਸਾਂਝੇਦਾਰੀ ਬਣਾਉਣ ਲਈ।" (ਵਿਚਲੇ ਪੰਨੇ ਉਤੇ ਫੋਟੋਆਂ।)

Trust More than just a home
HANOVERSCOTLAND
BIELD INDEPENDENCE FOR OLDER PEOPLE

# ਹੈਪੀ ਟੂ ਟਰਾਂਸਲੇਟ ਨੇ ਮਨਾਇਆ ਮੈਂਬਰਸ਼ਿਪ ਹੁੰਗਾਰਾ ਤੇ ਫੰਡਿੰਗ

ਹੈਪੀ ਟੂ ਟਰਾਂਸਲੇਟ (HTT) ਉਦਮ ਨੇ ਨਵੀਂ ਸਫਲਤਾ ਪ੍ਰਾਪਤ ਕੀਤੀ, ਆਪਣੇ ਮੈਂਬਰਸ਼ਿਪ ਆਧਾਰ ਨੂੰ 43 ਮੈਂਬਰਾਂ ਤਕ ਬਣਾ ਕੇ ਅਤੇ ਇੱਕ ਟਰੇਨਿੰਗ DVD ਬਣਾਉਣ ਲਈ ਨੈਸ਼ਨਲ ਲੌਟਰੀ ਫੰਡਿੰਗ ਪ੍ਰਾਪਤ ਕਰਕੇ।

HTT ਨੇ ਆਪਣੇ ਪਹਿਲੇ ਯੂਟਿਲਿਟੀ ਕੰਟਰੈਕਟਰਾਂ, ਸਿਟੀ ਵਾਰਮ ਤੇ ਸਿਟੀ ਟੈਕਨਿਕਲ, ਨਾਲ ਸਹੀ ਪਾਈ ਹੈ ਅਤੇ ਬੋਰਡ ਵਿੱਚ ਹੋਰ ਪੰਜ ਮੈਂਬਰਾਂ ਦਾ ਸੁਆਗਤ ਕੀਤਾ ਹੈ: ਲਿੰਕ ਗਰੁਪ; ਸਰਵਾਈਟ ਹਾਊਸਿੰਗ ਐਸੋਸੀਏਸ਼ਨ; ਵਾਇਸ ਆਫ ਕੇਅਰਰਸ ਐਕਰਾਸ ਲੋਥੀਆਨ (VOCAL); ਲੋਚਾਬੇਰ ਹਾਊਸਿੰਗ ਐਸੋਸੀਏਸ਼ਨ; ਅਤੇ ਪਰੋਵਨਹਾਲ ਹਾਊਸਿੰਗ ਐਸੋਸੀਏਸ਼ਨ।

HTT ਮੈਂਬਰ ਔਚਿਲ ਵਿਊ ਅਤੇ ਫੋਰਥ ਹਾਊਸਿੰਗ ਐਸੋਸੀਏਸ਼ਨਾਂ ਦੇ ਇੱਕ ਵੱਡੇ ਸਫਲ ਮਿਲਵੇਂ ਜਾਰੀ ਸਮਾਗਮ ਦੇ ਬਾਅਦ ਇਹ ਨਵਾਂ ਮੈਂਬਰਸ਼ਿਪ ਹੁੰਗਾਰਾ ਹੋਇਆ।

HTT ਪ੍ਰੋਜੈਕਟ ਨੂੰ ਨੈਸ਼ਨਲ ਲੌਟਰੀ ਐਵਾਰਡਸ ਵੱਲੋਂ ਫੰਡਿੰਗ ਪ੍ਰਾਪਤ ਹੋਈ ਹੈ, ਜੋ ਕਿ ਇੱਕ ਟਰੇਨਿੰਗ DVD ਤਿਆਰ ਕਰਨ ਲਈ ਵਰਤੀ ਜਾਵੇਗੀ। ਇਹ ਨਿਸ਼ਚਿਤ ਕਰੇਗਾ ਕਿ ਸਾਰੇ ਕਰਮਚਾਰੀਆਂ ਕੋਲ ਭਾਸ਼ਾ ਰੁਕਾਵਟ ਵਾਲੇ ਲੋਕਾਂ ਨਾਲ ਨਿਬੜਣ ਲਈ ਹੁਨਰ ਅਤੇ ਭਰੋਸਾ ਹੋਵੇ।

HTT ਟੀਮ ਨੇ ਡਾੱਨ ਐਬੌਟ ਨੂੰ ਪਾਲਿਸੀ ਐਂਡ ਓਪਰੇਸ਼ਨਸ ਅਫਸਰ ਦੇ ਅਹੁਦੇ ਉਤੇ ਨਿਯੁਕਤ ਕੀਤਾ ਹੈ। ਡਾੱਨ ਮੈਂਬਰਾਂ ਨੂੰ HTT ਲਾਗੂ ਕਰਨ ਵਿੱਚ ਸਹਿਯੋਗ ਦੇਵੇਗਾ, ਨਾਲ ਹੀ ਸੇਵਾ ਮੁੱਹਇਆ ਕਰਾਉਣ ਦਾ ਨਿਰੀਖਣ ਤੇ ਮੁਲਾਂਕਣ ਕਰੇਗਾ।

ਡਾੱਨ, ਜਿਸਨੂੰ ਪ੍ਰੋਜੈਕਟ ਪ੍ਰਬੰਧ, ਸਿੱਖਿਆ ਤੇ ਵਸੂਲੀ ਦਾ ਭਾਰੀ ਤਜਰਬਾ ਹੈ, ਨੇ ਅਪ੍ਰੈਲ ਵਿੱਚ ਟੀਮ ਵਿੱਚ ਸ਼ਮੂਲੀਅਤ ਕੀਤੀ।

**ਹੈਪੀ ਟੂ ਟਰਾਂਸਲੇਟ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:**

**ਕੈਟਰੀਨਾ ਮੈਕਐਨਟੀਗਾਰਟ**
**ਡਿਵੈਲਪਮੈਂਟ ਐਂਡ ਮਾਰਕੀਟਿੰਗ ਅਫਸਰ**
**0131 444 4951**

**ਡਾੱਨ ਐਬੌਟ**
**ਓਪਰੇਸ਼ਨ ਐਂਡ ਪਾਲਿਸੀ ਅਫਸਰ**
**0131 444 4997**

HAPPY TO TRANSLATE




www.EqualityScotland.com

# ਓਲਡਰ ਪੀਪਲ ਸਰਵਿਸ ਡਿਵੈਲਪਮੈਂਟ ਪ੍ਰੋਜੈਕਟ ਨੇ ਪਹੁੰਚ ਵਧਾਈ

**ਓਲਡਰ ਪੀਪਲਜ਼ ਸਰਵਿਸ ਡਿਵਲਪਮੈਂਟ ਪ੍ਰੋਜੈਕਟ ਆਪਣਾ ਕੰਮ ਸਕਾਟਲੈਂਡ ਵਿੱਚ ਹੋਰ ਖੇਤਰਾਂ ਵਿੱਚ ਵਧਾ ਰਿਹਾ ਹੈ, ਨਸਲੀ ਘੱਟ-ਗਿਣਤੀ ਕਮਿਊਨਿਟੀ ਦੇ ਹੋਰ ਬਜ਼ੁਰਗ ਲੋਕਾਂ ਨੂੰ ਸਫਲ ਪੂਰਬਕ ਕਲੇਮੀ ਲਾਭ ਅਤੇ ਸੇਵਾਵਾਂ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ।**

ਇਹ ਭਾਰੀ ਸਫਲ ਪ੍ਰੋਜੈਕਟ, ਜੋ ਕਿ ਆਪਣੇ ਤੀਜੇ ਸਾਲ ਵਿੱਚ ਹੈ, ਨੇ ਹੁਣ ਤਕ **600** ਤੋਂ ਵੱਧ ਬੈਨਿਫਿਟ ਚੈਕ ਕੀਤੇ ਹਨ ਅਤੇ ਕਰੀਬ **£445,000** ਦੇ ਬੈਨਿਫਿਟ ਤੇ ਭੱਤੇ ਇਕੱਠੇ ਕੀਤੇ ਹਨ। ਇਸ ਪ੍ਰਾਪਤੀ ਨੇ ਕਈ ਪਰਿਵਾਰਾਂ ਦੇ ਜੀਵਨ ਪੱਧਰ ਵਿੱਚ ਮਹੱਤਵਪੂਰਨ ਸੁਧਾਰ ਮੁੱਹਈਆ ਕਰਾਇਆ ਹੈ, ਮੁਸ਼ਕਿਲ ਆਰਥਿਕ ਦੌਰ ਦੇ ਦੌਰਾਨ ਘਰ-ਬਾਰ ਵਿਤ ਵਿੱਚ ਚੰਗਾ ਹੁੰਗਾਰਾ ਪ੍ਰਦਾਨ ਕਰਕੇ।



*ਫੌਲਕਿਰਕ ਜਾਣਕਾਰੀ ਸਮਾਗਮ*

ਇਸ ਸਾਲ ਪ੍ਰੋਜੈਕਟ ਆਪਣੀਆਂ ਸੇਵਾਵਾਂ ਦਾ ਵਿਸਤਾਰ ਕਰੇਗਾ, ਹੋਰ ਉਤਰ ਵਲ ਐਬਰਡੀਨ, ਮੋਰੇਸ਼ਾਇਰ ਅਤੇ ਹਾਈਲੈਂਡਸ ਅਤੇ ਹੋਰ, ਪੱਛਮ ਵੱਲ ਏਅਰ, ਇਰਵੀਨ ਤਕ ਅਤੇ ਨੇੜਲੇ ਇਲਾਕਿਆਂ ਤਕ, ਉਸ ਲਗਾਤਾਰ ਯਤਨ ਤੇ ਤਹਿਤ ਜਿਸ ਵਿੱਚ ਜਿੰਨੀ ਸੰਭਵ ਹੋ ਸਕੇ ਉਤਨੀ ਕਮਿਊਨਿਟੀਆਂ ਤਕ ਪਹੁੰਚ ਕਰਨਾ।

ਪ੍ਰੋਜੈਕਟ ਕੋ-ਆਰਡੀਨੇਟਰ ਡੇਅ ਕੇਅਰ ਸੈਂਟਰਾਂ ਅਤੇ ਕਮਿਊਨਿਟੀ ਸੰਸਥਾਵਾਂ ਨਾਲ ਚੋਣਵੇਂ ਇਲਾਕਿਆਂ ਵਿੱਚ ਸਾਂਝੇਦਾਰੀ ਦੇ ਪ੍ਰੋਗਰਾਮ ਜਾਰੀ ਰਖਣਗੇ। ਇਨ੍ਹਾਂ ਬਾਰੇ ਜਾਣਕਾਰੀਆਂ ਲੋਕਲ ਕਮਿਊਨਿਟੀਆਂ ਵਿੱਚ ਪ੍ਰਚਾਰ ਕੀਤੀਆਂ ਜਾ ਸਕਦੀਆਂ ਹਨ।

ਜੇ ਤੁਸੀਂ 60 ਜਾਂ ਜਿਆਦਾ ਉਮਰ ਦੇ ਹੋ ਜਾਂ ਕਿਸੇ ਨੂੰ ਜਾਣਦੇ ਹੋ ਜੋ ਸਾਡੀਆਂ ਸੇਵਾਵਾਂ ਤੋਂ ਲਾਭ ਲੈ ਸਕਣ, ਭਾਵੇਂ ਉਹ ਸਕਾਟਲੈਂਡ ਵਿੱਚ ਜਿਥੇ ਵੀ ਰਹਿੰਦੇ ਹੋਣ, ਅਸੀਂ ਉਨ੍ਹਾਂ ਦੀ ਮਦਦ ਕਰਾਂਗੇ। ਕਿਰਪਾ ਕਰਕੇ ਨੀਰੂ (0131 444 4952) ਜਾਂ ਐਂਥਨੀ (0131 444 4941) ਨੂੰ ਮਲਾਕਾਤ ਲਈ ਸੰਪਰਕ ਕਰੋ।

***ਦੇਰੀ ਨਾ ਕਰੋ, ਅੱਜ ਹੀ ਦਾਅਵਾ ਕਰੋ!!!!!!***

BIG LOTTERY FUND
LOTTERY FUNDED

www.EqualityScotland.com

# ਸਕਾਟਿਸ਼ ਪਾਰਲੀਮੈਂਟ ਵਿੱਚ ਇਕੁਅਲ ਓਪਰਚਿਉਨਿਟੀਜ਼ ਪ੍ਰੋਗਰਾਮ ਦੀ ਪੇਸ਼ਕਸ਼। MSP ਦੀਆਂ ਫੋਟੋਆਂ ਜੋ ਫਰਵਰੀ 2010 ਵਿੱਚ ਸਾਡੇ ਜਾਣਕਾਰੀ ਸਟੈਂਡ ਉਤੇ ਆਏ।




ਸੈਂਡਰਾ ਵਾਈਟ MSP – ਗਲਾਸਗੋਅ (ਸਪਾਂਸਰ)




ਐਂਡੀ ਕੇਰ MSP – ਈਸਟ ਕਿਲਬ੍ਰਿਜ਼




ਡੇਵ ਥਾਮਸਨ MSP – ਹਾਈਲੈਂਡ ਐਂਡ ਆਈਲੈਂਡ




ਇਆਨ ਮੈਕਕੀ MSP - ਲੋਥੀਆਨ




ਐਨਾਬੇਲ ਗੋਲਡੀ MSP – ਵੈਸਟ ਸਕਾਟਲੈਂਡ




ਹੀਓ ਓਡੋਨੇਲ MSP – ਸੈਂਟਰਲ ਸਕਾਟਲੈਂਡ



ਬਿਲ ਬਟਲਰ MSP – ਗਲਾਸਗੋਅ ਐਨੀਸਲੈਂਡ




ਐਲੀਸਨ ਮੈਕਿਨਸ MSP – ਨੌਰਥ ਈਸਟ ਸਕਾਟਲੈਂਡ




ਟਾਮ ਮੈਕਕੇਬ MSP – ਹੈਮੀਲਟਨ ਸਾਊਥ




Rt ਹੌਨ ਜੈਕ ਮੈਕੌਨੈਲ MSP – ਮਦਰਵੈੱਲ ਐਂਡ ਵਿਸ਼ੋਅ




ਜੈਕੀ ਬੈਲੀ MSP – ਡਮਬੈਰਟੋਨ




ਜੋਹਾਨ ਲਾਮੋਂਟ MSP – ਗਲਾਸਗੋਅ ਪੌਲਾਕ




ਮਾਰਗਰੈਟ ਕੁਰਨ MSP – ਗਲਾਸਗੋਅ ਬੈਲੀਸਟੋਂਨ




ਮਾਰਗਰੈਟ ਮਿਚੇਲ MSP – ਸੈਂਟਰਲ ਸਕਾਟਲੈਂਡ




ਜਿਮ ਟੌਲਸਨ MSP – ਡੁਨਫੈਰਮਲਾਈਨ ਵੈਸਟ




ਸਾਰਾਹ ਬੋਆਕ MSP – ਏਡੀਨਬਰਗ ਸੈਂਟਰਲ




ਸ਼ਰਲੈਅ ਆਨ ਸਮਰਵਿਲ MSP - ਲੋਥੀਆਨ

# ਜੌਬ ਓਪਰਚੂਨਿਟੀਜ਼ ਸੁਪੋਰਟ ਪ੍ਰੋਜੈਕਟ ਵੱਲੋਂ ਨਵੇਂ ਜੋੜ ਸਥਾਪਤ

ਜੌਬ ਓਪਰਚੂਨਿਟੀਜ਼ ਸੁਪੋਰਟ ਪ੍ਰੋਜੈਕਟ ਨੇ ਹੋਰ ਤਰੱਕੀ ਕੀਤੀ ਹੈ ਜੋ ਘੱਟ ਗਿਣਤੀ ਨਸਲੀ (BME) ਕਮਿਊਨਿਟੀਆਂ ਵਿੱਚ ਰੋਜ਼ਗਾਰ ਮੌਕਿਆਂ ਨੂੰ ਹੁੰਗਾਰਾ ਦੇਣ ਵਿੱਚ, ਨਵੀਆਂ ਸਾਂਝੇਦਾਰੀਆਂ ਵਿਕਸਿਤ ਕਰਕੇ ਅਤੇ ਹੋਰ ਮਾਹਿਰ ਸੇਵਾਵਾਂ ਤੇ ਸਮਾਗਮ ਜੋੜ ਕੇ, ਉਨ੍ਹਾਂ ਲੋਕਾਂ ਲਈ ਜੋ ਨੌਕਰੀਆਂ ਪ੍ਰਾਪਤ ਕਰਨ ਲਈ ਮਦਦ ਤੇ ਸਲਾਹ ਚਾਹੁੰਦੇ ਹਨ।

ਇਹ ਪ੍ਰੋਜੈਕਟ, ਜੋ ਕਿ ਘੱਟ ਗਿਣਤੀ ਨਸਲੀ ਬਰਾਦਰੀਆਂ ਅਤੇ ਇਮਪਲਾਇਰਾਂ ਦੇ ਵਿੱਚ ਪ੍ਰਮੁੱਖ ਤਾਲਮੇਲ ਭੂਮਿਕਾ ਨਿਭਾਉਂਦਾ ਹੈ, ਅਤੇ ਉਸੇ ਖੇਤਰ ਵਿੱਚ ਕੰਮ ਕਰ ਰਹੀਆਂ ਕਮਿਊਨਿਟੀ ਸੰਸਥਾਵਾਂ ਅਤੇ ਏਜੰਸੀਆਂ ਵਿੱਚ ਹੋਰ ਸਬੰਧ ਵਿਕਸਿਤ ਕੀਤੇ ਹਨ, ਜਿਸ ਵਿੱਚ ਸ਼ਾਮਿਲ ਹੈ ਸਿਟੀ ਆਫ ਏਡੀਨਬਰਗ ਕੌਂਸਲ - ਪਬਲਿਕ ਸੈਕਟਰ ਅਕੈਡਮੀ, 'ਗੇਟ ਆਨ' ਉਦਮ ਨਾਲ ਸ਼ਮੂਲੀਅਤ ਕਰਨਾ।

ਪ੍ਰਜੈਕਟ ਵਲੋਂ ਲੇਖ, ਏਡੀਨਬਰਗ ਵਿੱਚ ਬਲਿਊ ਡਰਿਲ ਹਾਲ ਵਿੱਚ ਪ੍ਰਸਿੱਧ ਖਾਸ 'ਜੌਬ ਇਨਫੋਰਮੇਸ਼ਨ ਡੇਅ' ਵਿੱਚ ਪ੍ਰਮੁੱਖ ਇਮਪਲਾਇਰਾਂ ਨੇ ਹਾਜ਼ਰੀ ਭਰੀ ਜਿਸ ਵਿੱਚ ਸ਼ਾਮਿਲ ਹਨ ਲੋਥੀਐਨ ਐਂਡ ਬਾਰਡਰਸ ਪੁਲਿਸ, ਸਿਟੀ ਆਫ ਏਡੀਨਬਰਗ ਕੌਂਸਲ ਅਤੇ ਸਕਿਲਸ ਡਿਵਲਪਮੈਂਟ ਸਕਾਟਲੈਂਡ।

ਇਹ ਪ੍ਰੋਜੈਕਟ ਘੱਟ ਗਿਣਤੀ ਦੇ ਵਿਅਕਤੀਆਂ ਨੂੰ ਨਿਰਦੇਸ਼ ਅਤੇ ਸਹਿਯੋਗ ਪ੍ਰਦਾਨ ਕਰਦਾ ਹੈ, ਰੋਜ਼ਗਾਰ ਲੈਣ ਵਿੱਚ ਉਨ੍ਹਾਂ ਦੀ ਮਦਦ ਕਰਕੇ ਅਤੇ ਨਾਲ ਹੀ ਇਮਪਲਾਇਰਾਂ ਨਾਲ ਨੇੜੇ ਹੋ ਕੇ ਕੰਮ ਕਰਦਾ ਹੈ, ਵਰਕ ਪਲੇਸਮੈਂਟਾਂ ਦਾ ਪ੍ਰਬੰਧ ਕਰਕੇ ਜੋ ਮੌਕਾ ਪ੍ਰਦਾਨ ਕਰਦਾ ਹੈ ਸਿੱਖਿਅਕਾਂ ਨੂੰ ਮੁੱਲਵਾਨ ਅਨੁਭਵ ਪ੍ਰਾਪਤ ਕਰਨ ਲਈ, ਨਵੇਂ ਹੁਨਰਾਂ, ਵਾਧੂ ਭਰੋਸਾ ਅਤੇ ਇਕੱ ਯੋਗ ਰੈਫਰੈਂਸ ਲਈ।

ਪ੍ਰੋਜੈਕਟ ਨੇ ਹੁਣ ਤਕ 90 ਵਿਅਕਤੀਆਂ ਦਾ ਮੁਲਾਂਕਣ ਕੀਤਾ ਹੈ ਅਤੇ ਉਨ੍ਹਾਂ ਨੂੰ ਕੰਮ ਅਤੇ ਕੰਮ ਦੇ ਅਨੁਭਵ ਦੀ ਭਾਲ ਕਰਨ ਵਿੱਚ ਸਹਿਯੋਗ ਪ੍ਰਦਾਨ ਕੀਤਾ ਹੈ। ਜਿਵੇਂ-ਜਿਵੇਂ ਪ੍ਰੋਜੈਕਟ ਨੇ ਰਫਤਾਰ ਫੜੀ, ਉਹ ਸੰਸਥਾਵਾਂ ਤੋਂ ਵਾਧੂ ਗਿਣਤੀ ਵਿੱਚ ਰੈਫਰਲ ਪ੍ਰਾਪਤ ਕਰ ਰਿਹਾ ਹੈ, ਇਕੱ ਦੂਜੇ ਦੀਆਂ ਗੱਲਾਂ ਤੋਂ ਅਤੇ ਹੋਰ ਸਾਧਨਾਂ ਰਾਹੀਂ।

ਪਿਛਲੇ ਸਬੰਧ ਵੀ ਅਜੇ ਤਕ ਪ੍ਰੋਜੈਕਟ ਨਾਲ ਸੰਪਰਕ ਵਿੱਚ ਹਨ ਅਤੇ ਲਗਾਤਾਰ ਸਹਿਯੋਗ ਪ੍ਰਾਪਤ ਕਰ ਰਹੇ ਹਨ, ਜਦਕਿ ਦੋ ਲੋਕਾਂ ਨੇ ਪ੍ਰੋਜੈਕਟ ਰਾਹੀ ਨੌਕਰੀਆਂ ਪ੍ਰਾਪਤ ਕੀਤੀਆਂ ਹਨ।

**ਜੇ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਪ੍ਰੋਜੈਕਟ ਤੋਂ ਲਾਭ ਲੈ ਸਕਦਾ ਹੈ, ਕਿਰਪਾ ਕਰਕੇ ਸੰਪਰਕ ਕਰੋ:**
**ਨਸਰੀਨ ਅਮਜਦ (0131 444 4953)**
**ਜੌਬ ਓਪਰਚੂਨਿਟੀਜ਼ ਡਿਵਲਪਮੈਂਟ ਅਫਸਰ**




www.EqualityScotland.com

# ਬਜ਼ੁਰਗ ਲੋਕਾਂ ਲਈ ਕੇਅਰ ਪਾਲਿਸੀਆਂ ਨੂੰ ਨਵਾਂ ਰੂਪ ਦੇਣ ਦਾ ਮੌਕਾ

ਸਕਾਟਿਸ਼ ਗਵਰਨਮੈਂਟ, NHS ਅਤੇ ਸਕਾਟਲੈਂਡ ਦੀਆਂ ਲੋਕਲ ਅਥਾਰਿਟੀਆਂ ਵਿਚਾਰਾਂ ਦੀ ਭਾਲ ਕਰ ਰਹੇ ਹਨ ਕਿ ਭਵਿੱਖ ਵਿਚ ਸਕਾਟਲੈਂਡ ਵਿੱਚ ਬਜ਼ੁਰਗ ਲੋਕਾਂ ਲਈ ਕਿਸ ਤਰ੍ਹਾਂ ਦੀ ਸੰਭਾਲ ਪ੍ਰਦਾਨ ਕਰਨੀ ਚਾਹੀਦੀ ਹੈ, ਭਵਿੱਖੀ ਸੰਭਾਲ ਸੇਵਾਵਾਂ ਦੇ ਰੂਪ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਪੇਸ਼ ਕਰਦੇ ਹੋਏ। ਉਹ ਉਨ੍ਹਾਂ ਲੋਕਾਂ ਦੇ ਵਿਚਾਰ ਪੇਸ਼ ਕਰ ਰਹੇ ਹਨ ਜੋ ਵਰਤੋਂ ਕਰ ਰਹੇ ਹਨ ਕੇਅਰ ਸੇਵਾਵਾਂ, ਗੈਰ-ਭੁਗਤਾਨ ਕੇਅਰਰਾਂ ਅਤੇ ਸਵੈ-ਸੇਵੀ ਅਤੇ ਉਪਕਾਰੀ ਸੰਸਥਾਵਾਂ ਦੀ, ਇੱਕ ਉਦਮ ਰਾਹੀਂ "ਰੀਸ਼ੇਪਿੰਗ ਕੇਅਰ ਫਾਰ ਓਲਡਰ ਪੀਪਲ"।

ਸਲਾਹ-ਮਸ਼ਵਰੇ ਅਭਿਯਾਨ ਦੇ ਪਿੱਛੇ ਸਕਾਟਲੈਂਡ ਦੀ ਬਜ਼ੁਰਗ ਆਬਾਦੀ ਹੈ ਜਿਸਦਾ ਮਤਲਬ ਹੈ ਕਿ 25% ਹੋਰ ਬਜ਼ੁਰਗਾਂ ਨੂੰ ਅਗਲੇ ਛੇ ਸਾਲਾਂ ਵਿੱਚ ਕਿਸੇ ਤਰ੍ਹਾਂ ਦੀ ਸੰਭਾਲ ਦੀ ਲੋੜ ਪਵੇਗੀ। ਇਸ ਵਿੱਚ ਸ਼ਾਮਿਲ ਹੋ ਸਕਦਾ ਹੈ ਸਿਹਤ ਜਾਂ ਤੁਰਨ-ਫਿਰਨ ਦੇ ਮੁੱਦੇ, ਘਰ-ਬਾਰ ਦੇ ਕਾਰਜ, ਹੋਰ ਲੋਕਾਂ ਨਾਲ ਸੰਪਰਕ ਵਿੱਚ ਰਹਿਣਾ ਜਾਂ ਕੇਵਲ ਬਾਹਰ ਜਾਂ ਇਧਰ-ਉਧਰ ਜਾਣਾ।

ਇਸ ਤਰ੍ਹਾਂ ਦੀ ਮਦਦ ਆਮ ਤੌਰ ਉਤੇ ਕੇਅਰ ਸਿਸਟਮ ਰਾਹੀਂ ਮੁਹਈਆ ਕੀਤੀ ਜਾਂਦੀ ਹੈ, ਜਿਸ ਵਿੱਚ ਸ਼ਾਮਿਲ ਹੈ ਹਸਪਤਾਲ, ਕੇਅਰ ਹੋਮ, ਕਿਸੇ ਦੇ ਖੁਦ ਦੇ ਘਰ ਜਾਂ ਕਮਿਉਨਿਟੀ ਵਿੱਚ ਸੰਭਾਲ ਸੁਵਿਧਾ। ਇਹ ਜ਼ਰੂਰੀ ਹੈ ਕਿ ਸਕਾਟਲੈਂਡ ਨਿਸ਼ਚਿਤ ਕਰੇ ਕਿ ਉਹ ਭਵਿੱਖ ਵਿੱਚ ਬਜ਼ੁਰਗ ਲੋਕਾਂ ਨੂੰ ਵਾਜਿਬ ਅਤੇ ਠੀਕ ਸੰਭਾਲ ਪ੍ਰਦਾਨ ਕਰ ਸਕਦਾ ਹੈ ਅਤੇ ਇਸ ਲਈ ਭਵਿੱਖ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਯੋਜਨਾਵਾਂ ਦੀ ਲੋੜ ਹੈ।

'ਰੀਸ਼ੇਪਿੰਗ ਕੇਅਰ ਫਾਰ ਓਲਡਰ ਪੀਪਲ' ਨੇ ਕਈ ਤਰ੍ਹਾਂ ਦੇ ਰਾਹ ਉਲੀਕੇ ਹਨ ਜਿਸ ਨਾਲ ਤੁਸੀਂ ਆਪਣੇ ਵਿਚਾਰ ਰੱਖ ਸਕਦੇ ਹੋ ਕਿ ਕਿਵੇਂ ਠੀਕ ਤੇ ਵਾਜਿਬ ਸੰਭਾਲ ਸੇਵਾਵਾਂ ਦੀ ਸਿਰਜਨਾ ਕੀਤੀ ਜਾਵੇ।

ਕਿਰਪਾ ਕਰਕੇ ਵੈਬਸਾਈਟ
www.scotland.gov.uk/Topics/Health/care/reshaping
ਉਤੇ ਜਾਓ ਜਾਂ ਲਿਖੋ, ਈ-ਮੇਲ ਕਰੋ ਜਾਂ ਫੋਨ ਕਰੋ ਰੀਸ਼ੇਪਿੰਗ ਕੇਅਰ ਟੀਮ ਨੂੰ 0131 244 4020 ਉਤੇ।

## ਸਵੈ-ਨਿਰਦੇਸ਼ਿਤ ਸਹਿਯੋਗ (ਸਕਾਟਲੈਂਡ) ਬਿਲ

ਸਕਾਟਿਸ਼ ਸਰਕਾਰ ਤਜ਼ਵੀਜ਼ਾਂ ਉਤੇ ਸਲਾਹ ਕਰ ਰਹੀ ਹੈ ਕਿ ਇੱਕ ਬਿਲ ਨੂੰ ਅਗੇ ਲਿਆਇਆ ਜਾਏ ਜੋ ਕਿ ਕਾਨੂੰਨੀ ਢਾਂਚਾ ਪ੍ਰਦਾਨ ਕਰੇਗਾ ਤਾਂ ਕਿ ਲੋਕ ਆਪਣੇ ਖੁਦ ਦੇ ਸਹਿਯੋਗ ਦਾ ਪ੍ਰਬੰਧ ਕਰ ਸਕਣ।

ਬਿਲ ਢਾਂਚੇ ਨੂੰ ਤਿਆਰ ਕਰਨ ਵਿੱਚ ਮਦਦ ਕਰੇਗਾ, ਸਵੈ-ਨਿਰਦੇਸ਼ਿਤ ਸਹਿਯੋਗ ਨੂੰ ਵਧਾਉਣ ਲਈ ਉਤਸ਼ਾਹਿਤ ਕਰਨ ਲਈ, ਜਿਸ ਵਿੱਚ ਸ਼ਾਮਿਲ ਹੋਵੇਗਾ ਸਿੱਧਾ ਭੁਗਤਾਨ, ਤਾਂ ਕਿ ਉਹ ਸਮਾਜਿਕ ਕੇਅਰ ਤੇ ਸੁਪੋਰਟ ਲਈ ਇੱਕ ਮੁਖਧਾਰਾ ਚੋਣ ਬਣ ਸਕਣ। ਇਹ ਇੱਕ ਵੱਡੇ ਏਜੰਡੇ ਦੇ ਤਹਿਤ ਹੈ, ਸੇਵਾਵਾਂ ਨੂੰ ਵੱਧ ਵਿਅਕਤੀਗਤ ਵਜੋਂ ਉਤਸ਼ਾਹਿਤ ਕਰਨ ਲਈ ਤਾਂ ਕਿ ਨਾਗਰਿਕਾਂ ਦੀਆਂ ਲੋੜਾਂ ਅਤੇ ਨਤੀਜੇ ਜਨਤਾ ਸੇਵਾ ਦੇ ਦਿਲ ਉਤੇ ਹੋਣ। ਜਨਤਕ ਸੇਵਾਵਾਂ, ਜਿਸ ਵਿੱਚ ਸ਼ਾਮਿਲ ਹੈ ਸਮਾਜਿਕ ਕੇਅਰ ਤੇ ਸੁਪੋਰਟ, ਨੂੰ ਕੰਮ ਲਗਾਤਾਰ ਜਾਰੀ ਰੱਖਣ ਦੀ ਲੋੜ ਹੈ, ਵਿਅਕਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਲੋਕਾਂ ਦੇ ਨਿਯੰਤਰਣ ਵਿੱਚ ਰਹਿਣ ਲਈ ਸੇਵਾਵਾਂ ਤਿਆਰ ਕਰਨ ਲਈ।

ਸਵੈ-ਨਿਰਦੇਸ਼ਿਤ ਸੁਪੋਰਟ ਹਰੇਕ ਲਈ ਪਸੰਦੀਦਾ ਚੋਣ ਨਹੀਂ ਹੋਵੇਗੀ ਅਤੇ ਕੋਈ ਵੀ ਨਵਾਂ ਕਾਨੂੰਨ ਲੋਕਲ ਅਥਾਰਿਟੀ ਦੀਆਂ ਸੇਵਾਵਾਂ ਉਤੇ ਪਹੁੰਚ ਨੂੰ ਪ੍ਰਭਾਵਿਤ ਨਹੀਂ ਕਰੇਗੀ। ਇਸ ਤੋਂ ਇਲਾਵਾ, ਬਿਲ ਚੋਣਾਂ ਤੈਅ ਕਰੇਗੀ, ਸਿੱਧੇ ਭੁਗਤਾਨ ਤੋਂ ਬਿਨਾ, ਉਨ੍ਹਾਂ ਲਈ ਜੋ ਬਜਟ ਨੂੰ ਚੁਕਣ ਦੀ ਜਿੰਮੇਵਾਰੀ ਨਹੀਂ ਲੈਣਾ ਚਾਹੁੰਦੇ ਪਰ ਫੇਰ ਵੀ ਚੋਣ ਅਤੇ ਨਿਯੰਤਰਣ ਚਾਹੁੰਦੇ ਹਨ।

ਆਪਣੇ ਖ਼ਬਰਪੱਤਰ ਦੇ ਅਗਲੇ ਅੰਕ ਵਿੱਚ ਅਸੀਂ ਬਿਲ ਦਾ ਅਪਡੇਟ ਪ੍ਰਦਾਨ ਕਰਾਂਗੇ।

ਬਿਲ ਬਾਰੇ ਹੋਰ ਜਾਣਕਾਰੀ ਲਈ ਅਤੇ ਸਲਾਹ-ਮਸ਼ਵਰਾ ਦਸਤਾਵੇਜ਼ ਉਤੇ ਪਹੁੰਚ ਲਈ ਜਾਓ:
www.scotland.gov.uk/Publications/2010/03/23102019/0.

ਤੁਸੀਂ ਐਡਲਟ ਕੇਅਰ ਐਂਡ ਸੁਪੋਰਟ ਡਿਵੀਜ਼ਨ, ਸਕਾਟਿਸ਼ ਗਵਰਨਮੈਂਟ ਨੂੰ
selfdirectsupport@scotland.gsi.gov.uk ਉਤੇ ਈ-ਮੇਲ ਵੀ ਕਰ ਸਕਦੇ ਹੋ ਫੋਨ 0131 244 5455.

## ਵਾਹ ਕਿਨ ਪ੍ਰੋਜੈਕਟ ਮਦਦ ਪੇਸ਼ ਕਰਦਾ ਹੈ ਮਾਨਸਿਕ ਸਿਹਤ ਮੁੱਦਿਆਂ ਉਤੇ

ਗਲਾਸਗੋਅ ਦੇ ਉਤਰ ਤੇ ਪੱਛਮ ਵਿੱਚ ਰਹਿਣ ਵਾਲੇ ਬਜ਼ੁਰਗ ਚੀਨੀ ਲੋਕ ਬਰਾਬਰ ਜੁੜੇ ਵਾਹ ਕਿਨ ਪ੍ਰੋਜੈਕਟ ਤੋਂ ਲਾਭ ਲੈ ਸਕਦੇ ਹਨ ਜੋ ਕਿ ਮੁੱਖ ਸੰਭਾਲ ਮਾਨਸਿਕ ਸਿਹਤ ਸੇਵਾਵਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰ ਰਿਹਾ ਹੈ, ਉਨ੍ਹਾਂ ਤਰੀਕਿਆਂ ਉਤੇ ਕਿ ਕਿਵੇਂ ਮੁੱਖ ਸੰਭਾਲ ਮਾਨਸਿਕ ਸਿਹਤ ਸੇਵਾਵਾਂ ਦੀ ਪਹੁੰਚ ਵਧਾਈ ਜਾਵੇ 50 ਸਾਲ ਦੇ ਉਤੇ ਦੇ ਲੋਕਾਂ ਲਈ।

ਵਾਹ ਕਿਨ ਪ੍ਰੋਜੈਕਟ, ਜਿਸਦਾ ਮੰਤਵ ਖਾਸ ਤੌਰ ਉਤੇ ਚੀਨੀ ਕਮਿਊਨਿਟੀ ਹੈ, ਵੇਖੇਗਾ ਕਿ ਬਜ਼ੁਰਗ ਚੀਨੀ ਲੋਕਾਂ ਨੂੰ ਕਿਸ ਤਰ੍ਹਾਂ ਦੀਆਂ ਜੀਵਨ ਮੁਸ਼ਕਿਲਾਂ ਪ੍ਰਭਾਵਿਤ ਕਰਦੀਆਂ ਹਨ, ਉਹ ਉਨ੍ਹਾਂ ਨਾਲ ਕਿਵੇਂ ਨਿਬੜਦੇ ਹਨ ਅਤੇ ਉਹ ਕਿਹੜੀਆਂ ਸੇਵਾਵਾਂ ਦੀ ਵਰਤੋਂ ਕਰਦੇ ਹਨ। ਉਹ ਇਹ ਵੀ ਜਾਂਚ ਕਰੇਗਾ ਕਿ ਕੀ ਉਹ ਕੋਈ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ ਮਦਦ ਲਈ ਕਹਿਣ ਜਾਂ ਪ੍ਰਾਪਤ ਕਰਨ ਵਿੱਚ।

ਪ੍ਰੋਜੈਕਟ ਦੀਆਂ ਲੱਭਤਾਂ ਦੀ ਵਰਤੋਂ ਕੀਤੀ ਜਾਵੇਗੀ ਚੀਨੀ ਕਮਿਊਨਿਟੀ ਦੇ ਬਜ਼ੁਰਗ ਲੋਕਾਂ ਦੀ ਚੰਗੀ ਸਿਹਤ ਅਤੇ ਮਾਨਸਿਕ ਸਿਹਤ ਵਿੱਚ ਸੁਧਾਰ ਕਰਨ ਲਈ ਜ਼ਿੰਮੇਵਾਰ ਤੇ ਸਭਿਆਚਾਰ ਨਾਲ ਮੇਲ ਖਾਂਦੀਆਂ ਸੁਪੋਰਟ ਤੇ ਸੇਵਾਵਾਂ ਦੇ ਵਿਕਾਸ ਲਈ।

ਵਾਹ ਕਿਨ ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ ਕੇਟ ਲੈਂਗਮੈਡ, ਗਲੈਸਗੋਅ ਐਸੋਸੀਏਸ਼ਨ ਫਾਰ ਮੈਂਟਲ ਹੈਲਥ ਸੈਂਟ ਐਂਡਰਿਊਜ਼ ਵਿੱਚ ਬਾਅਦ ਦੇ ਜੀਵਨ ਦੀ ਚੰਗੀ ਸੰਭਾਲ ਅਤੇ ਮਾਨਸਿਕ ਸਿਹਤ ਲਈ ਡਿਵਿਲਪਮੈਂਡ ਲੀਅਡ, ਨੂੰ Green, 33 Turnbull Street, Glasgow G1 5PR. ਫੋਨ: 0141 552 5592. ਈ-ਮੇਲ: k.langmead@gamh.org.uk.

## ਇਕੁਅਲ ਓਪਰਚੂਨਿਟੀਜ਼ ਟੀਮ

### "ਇਕਅਲ ਓਪਰਚਿਓਨਿਟੀਜ਼ ਪ੍ਰੋਗਰਾਮ"

**ਰੋਹਿਨੀ ਸ਼ਰਮਾ ਜੋਸ਼ੀ** ਹਾਊਸਿੰਗ ਇਕੁਅਲ ਓਪਰਚੂਨਿਟੀਜ਼ ਮੈਨੇਜਰ
ਫੋਨ: 0131 444 4950 ਈ-ਮੇਲ: rsharma@trustha.org.uk

**ਨੀਰੂ ਭੱਟਨਾਗਰ**
ਓਲਡਰ ਪੀਪਲ ਸਰਵਿਸ ਡਿਵੈਲਪਮੈਂਟ ਪ੍ਰੋਜੈਕਟ
ਓਲਡਰ ਪੀਪਲ ਸਰਵਿਸ ਕੋਰਡੀਨੇਟਰ
ਫੋਨ: 0131 444 4952
ਈ-ਮੇਲ: neerub@trustha.org.uk

**ਕੈਟਰੀਨਾ ਮੈਕਐਨਟੀਗਾਰਟ**
ਹੈਪੀ ਟੂ ਟਰਾਂਸਲੇਟ
ਡਿਵੈਲਪਮੈਂਟ ਐਂਡ ਮਾਰਕੀਟਿੰਗ ਅਫਸਰ
ਫੋਨ: 0131 444 4951
ਈ-ਮੇਲ: kmcentegart@trustha.org.uk

**ਐਂਥਨੀ ਲੀ ਚੂ**
ਓਲਡਰ ਪੀਪਲ ਸਰਵਿਸ ਡਿਵੈਲਪਮੈਂਟ ਪ੍ਰੋਜੈਕਟ
ਓਲਡਰ ਪੀਪਲ ਸਰਵਿਸ ਕੋਰਡੀਨੇਟਰ
ਫੋਨ: 0131 444 4941
ਈ-ਮੇਲ: lchu@trustha.org.uk

**ਡਾੱਨ ਐਬੌਟ**
ਹੈਪੀ ਟੂ ਟਰਾਂਸਲੇਟ
ਪਾਲਿਸੀ ਐਂਡ ਓਪਰੇਸ਼ਨਸ ਅਫਸਰ
ਫੋਨ: 0131 444 4997
ਈ-ਮੇਲ: Dabbott@trustha.org.uk

**ਨਸਰੀਨ ਅਮਜਦ**
ਜੌਬ ਓਪਰਚੂਨਿਟੀਜ਼ ਡਿਵਲਪਮੈਂਟ ਅਫਸਰ
ਫੋਨ: 0131 444 4953
ਈ-ਮੇਲ: namjad@trustha.org.uk

**ਸਰੀਨਾ ਐਪਲਬੀ**
ਐਡਮਿਨਿਸਟਰੇਟਿਵ ਐਸਿਸਟੈਂਟ
ਫੋਨ: 0131 444 4942
ਈ-ਮੇਲ: sappleby@trustha.org.uk

*i*

ਇਹ ਖ਼ਬਰਪੱਤਰ ਮਿਲਵਾਂ ਪ੍ਰਕਾਸ਼ਨ ਹੈ, **ਟਰੱਸਟ, ਹਾਨੋਵਰ (ਸਕਾਟਲੈਂਡ)** ਅਤੇ **ਬੀਲਡ ਹਾਊਸਿੰਗ ਐਸੋਸੀਏਸ਼ਨਸ** ਦਾ। ਪਿਛਲੇ ਅੰਕਾਂ ਨੂੰ **www.EqualityScotland.com** ਉਤੇ ਵੇਖਿਆ ਜਾ ਸਕਦਾ ਹੈ। ਜੇ ਤੁਸੀ ਕੋਈ ਟਿਪਣੀ ਜਾ ਸੁਝਾਉ ਦੇਣਾ ਚਾਹੋ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਪ੍ਰੋਗਰਾਮ ਜਾਂ ਪ੍ਰੋਜੈਕਟ ਨੂੰ ਪ੍ਰਕਾਸ਼ਨ ਲਈ ਵਿਚਾਰਿਆ ਜਾਵੇ, ਕਿਰਪਾ ਕਰਕੇ ਸੰਪਰਕ ਕਰੋ:

**Equal Opportunities Programme**
**12 New Mart Road, Edinburgh EH14 1RL**
**ਫੋਨ: 0131 444 4942 ਫੈਕਸ: 0131 444 4949**

**www.EqualityScotland.com**

### ਏਡੀਨਬਰਗ

Trust HA
12 New Mart Road
Edinburgh EH14 1RL
ਫੋਨ: 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
ਫੋਨ: 0131 557 0598
www.hsha.org.uk

Bield HA
79 Hopetoun Street
Edinburgh EH7 4QF
ਫੋਨ: 0131 273 4000
www.bield.co.uk

### ਗਲਾਸਗੋਅ

Trust HA
First Floor, Pavilion 5
Watermark Business Park
345 Govan Road
Glasgow G51 2SE
ਫੋਨ: 0141 227 1994
www.trustha.org.uk

Hanover (Scotland) HA
Ground Floor, Pavilion 5
Watermark Business Park
345 Govan Road
Glasgow G51 2SE
ਫੋਨ: 0141 553 6300
www.hsha.org.uk

Bield HA
Unit 6, 7 Eagle Street
Glasgow G4 9XA
ਫੋਨ: 0141 270 7200
www.bield.co.uk

### ਡੰਡੀ

Bield HA
1 Bonnethill Gardens
1 Caldrum Terrace
Dundee, Angus,
DD3 7HB
ਫੋਨ: 01382 228911
www.bield.co.uk

### ਐਰਨ

Isle of Arran Homes
Springbank, Brodick
Isle of Arran KA27 8BE
ਫੋਨ: 01770 303700

### ਐਲਗਿਨ

Hanover (Scotland)
Housing Association Ltd
12 Institution Road
Elgin IV30 1QX
ਫੋਨ: 01343 548585